# ਇੰਟਰਨੈਸ਼ਨਲ ਪੰਥਕ ਦਲ

INTERNATIONAL PANTHIC DAL

2011
13 Sept

Freedom
Justice
Education
Selfless Service
Welfare

## ਪੰਥਕ ਦਲ ਦੇ ਮੈਂਬਰ ਬਣੋ-ਸਿੰਘ ਸਾਹਿਬ

ਪ੍ਰੈਸ ਰਾਹੀਂ ਬਿਆਨ ਜਾਰੀ ਕਰਦਿਆਂ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ ਸਾਬਕਾ ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਨੇ ਇੰਗਲੈਂਡ ਦੀਆਂ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਵਿਸ਼ਵ ਪੱਧਰ ’ਤੇ ਖਾਲਸਾ ਪੰਥ ਦਾ ਤਾਲ-ਮੇਲ ਬਣਾਉਣ ਲਈ ਇੰਟਰਨੈਸ਼ਨਲ ਪੰਥਕ ਦਲ ਦੀ ਸਥਾਪਨਾ ਕੀਤੀ ਗਈ ਹੈ। ਇਸ ਲਈ ਸਮੂਹ ਸਿੱਖ ਸੰਗਤਾਂ ਨੂੰ ਇਸ ਜੱਥੇਬੰਦੀ ਦੇ ਮੈਂਬਰ ਬਣਨਾ ਚਾਹੀਦਾ ਹੈ। ਉਹਨਾਂ ਕਿਹਾ ਕਿ 1984 ਦੇ ਘੱਲੂਘਾਰੇ ਤੋਂ ਉਪਰੰਤ ਉਹਨਾਂ ਨੇ ਇੰਗਲੈਂਡ ਨਿਵਾਸੀ ਸੰਗਤਾਂ ਦੇ ਭਾਰੀ ਸਹਿਯੋਗ ਨਾਲ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੀ ਸਥਾਪਤ ਕੀਤੀ ਸੀ। ਜੋ ਕਿ ਕਾਫੀ ਲੰਬਾ ਸਮਾਂ ਪੰਥਕ ਸਫਾਂ ਵਿੱਚ ਉਘੀ ਸੇਵਾ ਨਿਭਾਉਂਦੀ ਰਹੀ ਅਤੇ ਬਹੁਤ ਸਾਰੇ ਦੇਸ਼ਾਂ ਵਿੱਚ ਜੱਥੇਬੰਦੀ ਦੀਆਂ ਬ੍ਰਾਂਚਾਂ ਸਥਾਪਤ ਕੀਤੀਆਂ ਗਈਆਂ ਸਨ। ਪਰ ਕੁਝ ਕਾਰਨਾਂ ਕਰਕੇ ਇੰਗਲੈਂਡ ਵਿੱਚ ਇਸ ਜੱਥੇਬੰਦੀ ਉਪਰ ਪਾਬੰਦੀ ਲੱਗ ਗਈ ਸੀ। ਉਸ ਤੋਂ ਉਪਰੰਤ ਇਸ ਜੱਥੇਬੰਦੀ ਦਾ ਇੰਟਰਨੈਸ਼ਨਲ ਪੱਧਰ ਦਾ ਤਾਲ-ਮੇਲ ਘਟਨਾ ਸ਼ੁਰੂ ਹੋ ਗਿਆ ਅਤੇ ਇੰਗਲੈਂਡ ਨਿਵਾਸੀ ਇਸ ਜੱਥੇਬੰਦੀ ਦੀ ਲੀਡਰਸ਼ਿਪ ਨੇ ਸਿੱਖ ਫੈਡਰੇਸ਼ਨ ਯੂ.ਕੇ ਬਣਾ ਲਈ ਅਤੇ ਉਸ ਦਾ ਕਾਰਜ ਖੇਤਰ ਵੀ ਕੇਵਲ ਯੂ.ਕੇ ਤੱਕ ਹੀ ਸੀਮਿਤ ਰੱਖਿਆ। ਜਿਸ ਕਾਰਨ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੀਆਂ ਬਾਕੀ ਦੇਸ਼ਾਂ ਦੀ ਇਕਾਈਆਂ ਵੀ ਲੱਗਭੱਗ ਨਾ-ਮਾਤਰ ਰਹਿ ਗਈਆਂ। ਪਰ ਕਈ ਦੇਸ਼ਾਂ ਵਿੱਚੋਂ ਇਸ ਘਾਟ ਨੂੰ ਮਹਿਸੂਸ ਕੀਤਾ ਜਾਣ ਲੱਗਾ ਅਤੇ ਨਿੱਜੀ ਤੌਰ ’ਤੇ ਬਹੁਤ ਸਾਰੀਆਂ ਸਿੱਖ ਸੰਗਤਾਂ ਨੇ ਦਾਸ ਨਾਲ ਇਸ ਸਬੰਧੀ ਤਾਲ-ਮੇਲ ਕੀਤਾ ਕਿ ਦੁਬਾਰਾ ਫਿਰ ਵਿਸ਼ਵ ਪੱਧਰ ਦੀ ਸਿੱਖ ਜੱਥੇਬੰਦੀ ਸਥਾਪਿਤ ਕੀਤੀ ਜਾਵੇ ਤਾਂ ਕਿ ਸਿੱਖਾਂ ਨਾਲ ਸਬੰਧਤ ਕਿਸੇ ਵੀ ਘਟਨਾਕ੍ਰਮ ਨੂੰ ਆਸਾਨੀ ਨਾਲ ਸਮਝਿਆ ਜਾ ਸਕੇ ਅਤੇ ਪੰਥਕ ਕਾਰਜਾਂ ਲਈ ਸਾਂਝੇ ਉਪਰਾਲੇ ਕੀਤੇ ਜਾ ਸਕਣ। ਇਸ ਲਈ ਦਾਸ ਨੇ ਇੰਟਰਨੈਸ਼ਨਲ ਪੰਥਕ ਦਲ ਨਾਂ ਦੀ ਜੱਥੇਬੰਦੀ ਦੀ ਸਥਾਪਨਾ ਕੀਤੀ ਹੈ। ਜਿਸ ਦੀ ਅਰੰਭਤਾ ਇੰਗਲੈਂਡ ਵਿਚੋਂ ਹੀ ਕੀਤੀ ਜਾ ਰਹੀ ਹੈ ਕਿਉਂਕਿ ਦਾਸ ਨੇ 1984 ਵਿੱਚ ਇੱਥੋਂ ਹੀ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੀ ਸਥਾਪਨਾ ਕੀਤੀ ਸੀ। ਹੁਣ ਬਕਾਇਦਾ ਤੌਰ ’ਤੇ ਇੰਟਰਨੈਸ਼ਨਲ ਪੰਥਕ ਦਲ ਦੀ ਭਰਤੀ ਆਰੰਭ ਕਰ ਦਿੱਤੀ ਗਈ ਹੈ ਅਤੇ ਜਲਦੀ ਹੀ ਜੱਥੇਬੰਦੀ ਢਾਂਚਾ ਸਥਾਪਿਤ ਕਰ ਦਿੱਤਾ ਜਾਵੇਗਾ। ਦਾਸ ਸੰਗਤਾਂ ਨੂੰ ਬੇਨਤੀ ਕਰਦਾ ਹੈ ਕਿ ਦਾਸ ਦੀ ਵਿਦੇਸ਼ਾਂ ਵਿੱਚ ਹੋਰ ਕਿਸੇ ਵੀ ਜੱਥੇਬੰਦੀ ਨਾਲ ਜੱਥੇਬੰਦਕ ਸਾਂਝ ਨਹੀਂ ਹੈ। ਇਸ ਲਈ ਕੇਵਲ ਤੇ ਕੇਵਲ ਇੰਟਰਨੈਸ਼ਨਲ ਪੰਥਕ ਦਲ ਦੀ ਸੇਵਾ ਵਿੱਚ ਰਹਿ ਕੇ ਹੀ ਦਾਸ ਆਪਣੀ ਸੇਵਾ ਨਿਭਾਏਗਾ ਅਤੇ ਆਪ ਸਭ ਨੂੰ ਬੇਨਤੀ ਹੈ ਕਿ ਇਸ ਜੱਥੇਬੰਦੀ ਦੇ ਮੈਂਬਰ ਬਣੋ ਅਤੇ ਜੱਥੇਬੰਦਕ ਸਾਂਝ ਪੈਦਾ ਕਰਕੇ ਦੁਨੀਆਂ ਭਰ ਵਿੱਚ ਵੱਸਦੇ ਖਾਲਸਾ ਪੰਥ ਨਾਲ ਹਰ ਪੱਖ ਤੋਂ ਜੁੜਣ ਦਾ ਯਤਨ ਕਰੀਏ।

**ਗੁਰੂ ਪੰਥ ਦਾ ਦਾਸ**
**ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ**
**ਸਬਾਕਾ ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ**